## ਪਾਠ – 5

## ਮਾਂ ਦਾ ਪਿਆਰ (ਲੇਖਕ–ਅੰਮ੍ਰਿਤਾ ਪ੍ਰੀਤਮ)



ਸੱਚ ਪੁੱਛੋ ਤਾਂ ਏਸ ਔਲਾਦ ਪਿੱਛੇ,
ਲੱਖਾਂ ਮਨ ਵਿੱਚ, ਮੰਨਤਾਂ ਧਾਰਦੀ ਮਾਂ।
ਮੁੜ-ਮੁੜ ਵੇਖਦੀ, ਲਾਡ-ਪਿਆਰ ਕਰਦੀ।
ਚੁੰਮ, ਚੱਟ ਕਲ਼ੇਜੇ ਨੂੰ ਠਾਰਦੀ ਮਾਂ।
ਰੀਝਾਂ, ਸੱਧਰਾਂ ਨਾਲ਼ ਉਹ ਪਾਲ਼ਦੀ ਏ,
ਸਿਰ 'ਤੇ ਔਕੜਾਂ ਲੱਖ ਸਹਾਰਦੀ ਮਾਂ।
ਕਦੀ ਅੱਕਦੀ, ਥੱਕਦੀ ਮੂਲ ਨਾਹੀਂ,
ਦੁੱਖ ਸਹਿਣ ਤੋਂ, ਕਦੀ ਨਾ ਹਾਰਦੀ ਮਾਂ।
ਦੇ-ਦੇ ਲੋਰੀਆਂ, ਬੱਚਾ ਖਿਡਾਉਂਦੀ ਏ,
ਮਨੋਂ ਰਾਜੇ ਦੇ, ਮਹਿਲ ਉਸਾਰਦੀ ਮਾਂ।
ਵਾਰੀ, ਘੋਲ਼ੀ, ਸਦਕੜੇ, ਲੱਖ ਵਾਰੀ,
ਆਖ-ਆਖ ਕੇ ਮੂੰਹੋਂ ਪੁਕਾਰਦੀ ਮਾਂ।
ਰਿੜ੍ਹਦਾ ਵੇਖ ਕੇ, ਖਿੜਦਾ ਏ ਚਿੱਤ ਉਸ ਦਾ,
ਫੜ-ਫੜ ਬਾਂਹਵਾਂ ਨੂੰ, ਫੇਰ ਖਲ੍ਹਾਰਦੀ ਮਾਂ।
ਦਿਨੇ ਰਾਤ ਹੀ, ਚਾਅ-ਮਲ੍ਹਾਰ ਕਰਦੀ,
ਖਿੜ-ਖਿੜ ਹੱਸਦੀ, ਜਦੋਂ ਦੁਲਾਰਦੀ ਆਂ।
ਸਮਾਂ ਪਾ ਕੇ ਜਦੋਂ ਫਿਰਨ-ਤੁਰਨ ਲੱਗੇ,
ਜੱਫੀ ਪਾਣ ਲਈ ਬਾਂਹਵਾਂ ਪਸਾਰਦੀ ਮਾਂ।
ਖੇਡਣ ਜਾਣ ਲਈ, ਜਦੋਂ ਤਿਆਰ ਹੋਵੇ,
ਪਾ-ਪਾ ਕੱਪੜੇ, ਮੂੰਹ ਸੁਆਰਦੀ ਮਾਂ।
ਕਦੀ ਘੜੀ ਜੇ, ਉਸ ਨੂੰ ਦੇਰ ਲੱਗੇ,
ਵਿੱਚ ਫ਼ਿਕਰ ਦੇ ਸਮਾਂ ਗੁਜ਼ਾਰਦੀ ਮਾਂ।
ਉੱਭੇ ਸਾਹ ਲੈਂਦੀ, ਡੋਬੂ ਪੈਣ ਆ ਕੇ,
ਮੁੜ-ਮੁੜ ਬਾਰੀ 'ਚੋਂ ਝਾਤੀਆਂ ਮਾਰਦੀ ਮਾਂ।
ਸੁਣੇ 'ਵਾਜ ਤੇ, ਸਾਹ ਵਿੱਚ ਸਾਹ ਆਵੇ,
ਮਿਰਚਾਂ ਲੈ ਕੇ ਸਿਰ ਤੋਂ ਵਾਰਦੀ ਮਾਂ।
ਦੁੱਖ-ਰੋਗ, ਜੇ ਕਦੇ ਕੋਈ ਆਣ ਲੱਗੇ,
'ਬਹੁੜੀ ਕਰੋ ਕੋਈ', ਫੇਰ ਪੁਕਾਰਦੀ ਮਾਂ।
ਦੌਲਤ ਪਾਣੀ ਦੇ ਵਾਂਗਰਾਂ ਰੋੜ੍ਹ ਦੇਂਦੀ,
ਸਰਫ਼ਾ ਕਰੇ ਨਾ, ਓਸ ਦੁਖਿਆਰ ਦੀ ਮਾਂ।
ਭਾਵੇਂ ਕਿੱਡਾ ਹੀ ਬੱਚਾ ਨਲਾਇਕ ਹੋਵੇ,
ਉਹਨੂੰ ਫੇਰ ਵੀ ਨਹੀਂ ਦੁਰਕਾਰਦੀ ਮਾਂ।
'ਅੰਮ੍ਰਿਤ' ਸੱਚਾ ਹੈ, ਸਾਕ ਇਹ ਆਂਦਰਾਂ ਦਾ,
ਸੱਚ-ਮੁੱਚ ਹੀ ਪਤਲੀ ਪਿਆਰ ਦੀ ਮਾਂ ।



1. **ਪ੍ਰਸ਼ਨ/ ਉੱਤਰ**

**ਪ੍ਰਸ਼ਨ ੳ. ਮਾਂ ਆਪਣੀ ਔਲਾਦ ਲਈ ਕੀ-ਕੀ ਕਰਦੀ ਹੈ?**
ਉੱਤਰ : ਮਾਂ ਆਪਣੀ ਔਲਾਦ ਲਈ ਗੁਰੂਆਂ-ਪੀਰਾਂ ਅਤੇ ਦੇਵੀ-ਦੇਵਤਿਆਂ ਅੱਗੇ ਮੰਨਤਾਂ ਮੰਨਦੀ ਹੈ।

**ਪ੍ਰਸ਼ਨ ਅ. ਮਾਂ ਆਪਣੇ ਬੱਚੇ ਦਾ ਪਾਲਣ-ਪੋਸਣ ਕਿਵੇਂ ਕਰਦੀ ਹੈ?**
ਉੱਤਰ : ਮਾਂ ਆਪਣੇ ਬੱਚੇ ਦਾ ਪਾਲਣ-ਪੋਸਣ ਰੀਝਾਂ ਤੇ ਲਾਡ ਪਿਆਰ ਨਾਲ਼ ਕਰਦੀ ਹੈ ਤੇ ਉਸ ਦੀ ਸਲਾਮਤੀ ਲਈ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦੀ ਹੈ।

**ਪ੍ਰਸ਼ਨ ੲ. ਬੱਚੇ 'ਤੇ ਜੇ ਕੋਈ ਦੁੱਖ ਆ ਜਾਵੇ ਤਾਂ ਮਾਂ ਕੀ ਕਰਦੀ ਹੈ?**
ਉੱਤਰ : ਬੱਚੇ ਤੇ ਦੁੱਖ ਆਉਣ ਦੀ ਹਾਲਤ ਵਿੱਚ ਮਾਂ ਉਸ ਦੀ ਸਲਾਮਤੀ ਲਈ ਪੈਸੇ ਦੀ ਪਰਵਾਹ ਕੀਤੇ ਬਿਨ੍ਹਾਂ ਹਰ ਕੋਸ਼ਸ਼ ਕਰਦੀ ਹੈ।
**ਪ੍ਰਸ਼ਨ ਸ. ਮਾਂ ਨੂੰ 'ਆਂਦਰਾਂ ਦਾ ਸਾਕ' ਕਿਉਂ ਕਿਹਾ ਜਾਂਦਾ ਹੈ?**
ਉੱਤਰ : ਬੱਚੇ ਨੂੰ 9 ਮਹੀਨੇ ਪੇਟ ਵਿੱਚ ਰੱਖਣ ਕਾਰਨ ਮਾਂ ਨੂੰ 'ਆਂਦਰਾਂ ਦਾ ਸਾਕ' ਕਿਹਾ ਜਾਂਦਾ ਹੈ।

## 2. ਹੇਠ ਲਿਖੀਆਂ ਕਾਵਿ-ਸਤਰਾਂ ਪਾਠ ਦੇ ਆਧਾਰ 'ਤੇ ਪੂਰੀਆਂ ਕਰੋ :



**ੳ. ਸੱਚ ਪੁੱਛੋ ਤਾਂ ਏਸ ਔਲਾਦ ਪਿੱਛੇ,**
ਲੱਖਾਂ ਮਨ ਵਿੱਚ, ਮੰਨਤਾਂ ਧਾਰਦੀ ਮਾਂ।
**ਅ. ਰੀਝਾਂ, ਸੱਧਰਾਂ ਨਾਲ਼ ਉਹ ਪਾਲ਼ਦੀ ਏ,**
ਸਿਰ 'ਤੇ ਔਕੜਾਂ ਲੱਖ ਸਹਾਰਦੀ ਮਾਂ।
**ੲ. ਰਿੜ੍ਹਦਾ ਵੇਖ ਕੇ, ਖਿੜਦਾ ਏ ਚਿੱਤ ਉਸ ਦਾ,**
ਫੜ-ਫੜ ਬਾਹਵਾਂ ਨੂੰ, ਫੇਰ ਖਲ੍ਹਾਰਦੀ ਮਾਂ।
**ਸ. ਸੁਣੇ ਵਾਜ ਤੇ, ਸਾਹ ਵਿੱਚ ਸਾਹ ਆਵੇ,**
ਮਿਰਚਾਂ ਲੈ ਕੇ ਸਿਰ ਤੋਂ ਵਾਰਦੀ ਮਾਂ।

## 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਔਲਾਦ | : | ਉਲਾਦ, ਸੰਤਾਨ |
| ਸੱਧਰਾਂ | : | ਇੱਛਾਵਾਂ, ਰੀਝਾਂ |
| ਔਕੜਾਂ | : | ਮੁਸੀਬਤਾਂ, ਮੁਸ਼ਕਲਾਂ |
| ਸਦਕੜੇ ਜਾਣਾ | : | ਵਾਰੇ ਜਾਣਾ, ਕੁਰਬਾਨ ਹੋਣਾ |
| ਦੁਲਾਰਦੀ | : | ਪਿਆਰ ਕਰਦੀ |
| ਬਹੁੜੀ | : | ਮਦਦ ਲਈ ਕੀਤੀ ਪੁਕਾਰ |
| ਸਰਫਾ | : | ਕੰਜੂਸੀ ਕਰਨੀ |

## 4. ਹੇਠ ਲਿਖਿਆਂ ਨੂੰ ਵਾਕਾਂ ਵਿੱਚ ਵਰਤੋ :

1. **ਚੁੰਮਣਾ-ਚੱਟਣਾ (ਬਹੁਤ ਲਾਡ ਕਰਨਾ)-** ਮਾਂ ਬੱਚੇ ਨੂੰ ਹਰ ਵੇਲ਼ੇ ਚੁੰਮਦੀ-ਚੱਟਦੀ ਰਹਿੰਦੀ ਹੈ।
2. **ਕਲੇਜ਼ੇ ਨੂੰ ਠਾਰਨਾ (ਦਿਲ ਨੂੰ ਸਕੂਨ ਮਿਲਣਾ)-** ਵਿਦੇਸ਼ ਗਏ ਬੱਚੇ ਦੀ ਤਸਵੀਰ ਦੇਖ ਕੇ ਹੀ ਮਾਂ ਕਲੇਜ਼ੇ ਨੂੰ ਠਾਰਦੀ ਹੈ।
3. **ਲੋਰੀਆਂ (ਛੋਟਾ ਗੀਤ)-** ਮੇਰੇ ਦਾਦੀ ਜੀ ਸਾਨੂੰ ਲੋਰੀਆਂ ਸੁਣਾਉਂਦੇ ਹਨ।
4. **ਚਾਅ-ਮਲ੍ਹਾਰ (ਬਹੁਤ ਪਿਆਰ ਕਰਨਾ)-** ਹਰ ਮਾਂ ਆਪਣੇ ਬੱਚੇ ਨੂੰ ਚਾਅ-ਮਲ੍ਹਾਰ ਨਾਲ਼ ਪਾਲਦੀ ਹੈ।
5. **ਡੋਬੂ ਪੈਣਾ (ਦਿਲ ਘਬਰਾਉਣਾ)-** ਜੇ ਮੈਂ ਘਰ ਦੇਰੀ ਨਾਲ਼ ਪਹੁੰਚਾਂ ਤਾਂ ਮਾਂ ਦੇ ਦਿਲ ਨੂੰ ਡੋਬੂ ਪੈਣ ਲੱਗ ਜਾਂਦਾ ਹੈ।
6. **ਆਂਦਰਾਂ ਦਾ ਸਾਕ (ਬਹੁਤ ਨਜ਼ਦੀਕੀ ਸੰਬੰਧ)-** ਮਾਂ ਤੇ ਬੱਚੇ ਦਾ ਆਂਦਰਾਂ ਦਾ ਸਾਕ ਹੁੰਦਾ ਹੈ।
7. **ਪਿਆਰ ਦੀ ਪੁਤਲੀ (ਪਿਆਰ ਕਰਨ ਵਾਲ਼ੀ)-** ਮਾਂ ਪਿਆਰ ਦੀ ਪੁਤਲੀ ਹੁੰਦੀ ਹੈ।
8. **ਉੱਭੇ ਸਾਹ ਲੈਣਾ (ਔਖੇ ਸਾਹ ਲੈਣਾ)-** ਸਾਹਮਣੇ ਕੁੱਤਾ ਦੇਖ ਕੇ ਉਹ ਉੱਭੇ ਸਾਹ ਲੈਣ ਲੱਗ ਪਿਆ।